# ਪੰਜਾਬ ਸਰਕਾਰ

## ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ

# ਪੰਜਾਬ ਪਿੰਡ ਉਪਕਰ (ਮਲਬਾ) ਅੰਤਕਰਣ ਐਕਟ, 1961

(1961 ਦਾ ਪੰਜਾਬ ਐਕਟ ਨੰ: 17)

(29 ਮਈ, 1987 ਤੱਕ ਸੋਧਿਆ ਹੋਇਆ)

ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ, ਸੰਘਰਾਜ-ਖੇਤਰ, ਚੰਡੀਗੜ੍ਹ ਦੁਆਰਾ ਛਾਪਿਆ ਗਿਆ ।

ਕੀਮਤ :

ਰੁ 2-25

Scanned with CamScanner

## ਮੁੱਖ-ਬੰਧ

'ਦ ਪੰਜਾਬ ਅਬੋਲੀਸ਼ਨ ਔਫ਼ ਵਿਲੇਜ ਸੈਸ (ਮਲਬਾ) ਐਕਟ, 1961' ਦਾ ਇਹ ਪੰਜਾਬੀ ਅਨੁਵਾਦ ਪੰਜਾਬ ਸਰਕਾਰ ਦੇ ਗਜ਼ਟ ਦੇ ਵਿਧਾਨਕ ਅਨੁਪੂਰਕ ਭਾਗ I ਵਿੱਚ 29 ਮਈ, 1987 ਨੂੰ ਪੰਨਾ 49 ਤੋਂ 50 ਤੱਕ ਪ੍ਰਕਾਸ਼ਤ ਹੋਇਆ ।

ਉਪਰੋਕਤ ਐਕਟ ਦਾ ਪੰਜਾਬੀ ਅਨੁਵਾਦ ਰਾਜ ਭਾਸ਼ਾ (ਵਿਧਾਨਕ) ਕਮਿਸ਼ਨ ਨੇ ਤਿਆਰ ਕੀਤਾ ਸੀ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਧਾਰਾ 6-ੳ ਅਧੀਨ ਇਹ ਰਾਜਪਾਲ ਦੀ ਸੱਤਾ ਅਧੀਨ ਪ੍ਰਕਾਸ਼ਤ ਕੀਤਾ ਗਿਆ । ਇਸ ਤਰ੍ਹਾਂ ਪ੍ਰਕਾਸ਼ਤ ਕੀਤੇ ਜਾਣ ਉਪਰੰਤ ਹੁਣ ਇਹ ਪੰਜਾਬੀ ਵਿਚ 'ਦ ਪੰਜਾਬ ਅਬੋਲੀਸ਼ਨ ਔਫ਼ ਵਿਲੇਜ ਸੈਸ (ਮਲਬਾ) ਐਕਟ, 1961' ਦਾ ਸੱਤਾ-ਯੁਕਤ ਪਾਠ ਹੈ ।

ਚੰਡੀਗੜ੍ਹ
4 ਅਗਸਤ, 1987

ਬੀ. ਐਸ. ਨੇਹਰਾ,
ਕਾਨੂੰਨੀ ਮਸ਼ੀਰ ਅਤੇ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ, ਪੰਜਾਬ ।

Scanned with CamScanner

# [1]ਪੰਜਾਬ ਪਿੰਡ ਉਪਕਰ (ਮਲਬਾ) ਅੰਤਕਰਣ ਐਕਟ, 1961

(1961 ਦਾ ਪੰਜਾਬ ਐਕਟ ਨੰ: 17)

ਮਲਬੇ ਵਜੋਂ ਜਾਣੇ ਜਾਂਦੇ ਪਿੰਡ ਉਪਕਰ ਦਾ ਅੰਤ ਕਰਨ ਲਈ ਐਕਟ ।

ਭਾਰਤ ਗਣਰਾਜ ਦੇ ਬਾਰ੍ਹਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ :—

**ਸੰਖੇਪ ਨਾਂ ਅਤੇ ਵਿਸਤਾਰ ।**

1. (1) ਇਸ ਐਕਟ ਨੂੰ ਪੰਜਾਬ ਪਿੰਡ ਉਪਕਰ (ਮਲਬਾ) ਅੰਤਕਰਣ ਐਕਟ, 1961, ਕਿਹਾ ਜਾ ਸਕੇਗਾ ।

(2) ਇਸ ਦਾ ਵਿਸਤਾਰ ਸਾਰੇ ਪੰਜਬ ਰਾਜ ਤੇ ਹੈ ।

**ਉਪਕਰ ਲਾਉਣਾ ਜਾਂ ਉਗਰਾਹੁਣਾ ਬੰਦ ਕਰਨਾ ।**

2. ਪੰਜਾਬ ਮਾਲੀਆ ਐਕਟ, 1887 ਅਧੀਨ ਤਿਆਰ ਕੀਤੇ ਗਏ ਕਿਸੇ ਅਧਿਕਾਰਾਂ ਦੇ ਰਿਕਾਰਡ ਜਾਂ ਜਾਰੀ ਕੀਤੀ ਗਈ ਕਿਸੇ ਅਧਿਸੂਚਨਾ ਜਾਂ ਕੀਤੇ ਗਏ ਹੁਕਮ ਵਿੱਚ, ਜਾਂ ਸਪਸ਼ਟ ਜਾਂ ਅਰਥਾਤੇਂ ਕਿਸੇ ਕਰਾਰ ਵਿੱਚ ਜਾਂ ਕਿਸੇ ਰਿਵਾਜ ਜਾਂ ਪ੍ਰਥਾ ਵਿੱਚ ਦਰਜ ਇਸ ਦੇ ਉਲਟ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਅਰੰਭ ਤੋਂ ਲੈ ਕੇ, ਮਲਬੇ ਵਜੋਂ ਜਾਣੇ ਜਾਂਦੇ ਉਪਕਰ ਦਾ, ਨਾਂ ਭਾਵੇਂ ਉਸ ਦਾ ਕੁਝ ਵੀ ਰੱਖਿਆ ਹੋਇਆ ਹੋਵੇ, (ਜਿਸ ਦਾ ਇਸ ਵਿੱਚ ਇਸ ਤੋਂ ਪਿਛੋਂ "ਉਪਕਰ" ਵਜੋਂ ਹਵਾਲਾ ਦਿੱਤਾ ਗਿਆ ਹੈ) ਲਾਉਣਾ ਅਤੇ ਉਗਰਾਹੁਣਾ ਬੰਦ ਕਰ ਦਿੱਤਾ ਜਾਵੇਗਾ ।

**ਉਪਕਰ ਦੀ ਵਸੂਲੀ ਬਾਰਤ ।**

3. ਪੰਜਾਬ ਮੁਜ਼ਾਰਾਗੀਰੀ ਐਕਟ, 1887 ਵਿੱਚ, ਜਾਂ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਉਪਕਰ ਦੀ ਵਸੂਲੀ ਲਈ, ਜਾਂ ਵਸੂਲੀ ਦੇ ਸਬੰਧ ਵਿੱਚ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀ ਹੋਵੇਗੀ, ਜਾਂ, ਜੇ ਦਾਵਾ ਜਾਂ ਕਾਨੂੰਨੀ ਕਾਰਵਾਈ ਪਹਿਲਾਂ ਹੀ ਦਾਇਰ ਕੀਤੀ ਗਈ ਹੋਵੇ, ਤਾਂ ਉਸ ਤੇ ਅਗੇ ਕੋਈ ਕਾਰਵਾਈ ਨਹੀ ਹੋਵੇਗੀ; ਨ ਹੀ ਇਹ ਉਪਕਰ ਕਿਸੇ ਵਿਅਕਤੀ ਦੁਆਰਾ ਕਿਸੇ ਹੋਰ ਸਾਧਨ ਦੁਆਰਾ ਵਸੂਲੀਯੋਗ ਹੋਵੇਗਾ ।

**ਡੰਨ ।**

4. ਜੋ ਕੋਈ ਵੀ, ਇਸ ਐਕਟ ਦੇ ਉਪਬੰਧਾਂ ਤੋਂ ਬਚਣ ਦੇ ਇਰਾਦੇ ਨਾਲ ਇਸ ਦੁਆਰਾ ਬੰਦ ਕੀਤਾ ਗਿਆ ਉਪਕਰ, ਆਪਣੇ ਲਈ ਜਾਂ ਕਿਸੇ ਹੋਰ ਵਿਅਕਤੀ ਲਈ ਕਿਸੇ ਵਿਅਕਤੀ ਤੋਂ ਸਵੀਕਾਰ ਕਰੇਗਾ ਜਾਂ ਹਾਸਲ ਕਰੇਗਾ ਜਾਂ ਸਵੀਕਾਰ ਕਰਨ ਲਈ ਸਹਿਮਤ ਹੋਵੇਗਾ ਜਾਂ ਹਾਸਲ ਕਰਨ ਦੀ ਕੋਸ਼ਿਸ਼ ਕਰੇਗਾ, ਉਹ ਜੁਰਮਾਨੇ ਨਾਲ, ਜੋ ਤਿੰਨ ਸੋ ਰੁਪਏ ਤੱਕ ਹੋ ਸਕੇਗਾ, ਸਜ਼ਾਯੋਗ ਹੋਵੇਗਾ ।

---

[1]ਉਦੇਸ਼ਾਂ ਅਤੇ ਕਾਰਨਾਂ ਦੇ ਬਿਆਨ ਲਈ ਪੰਜਾਬ ਸਰਕਾਰ ਦਾ ਗਜ਼ਟ (ਅਸਾਧਾਰਨ), 1961 ਪੰਨਾ 304 ਵੇਖੋ।

ਇਸ ਐਕਟ ਦੇ ਅੰਗਰੇਜ਼ੀ ਰੂਪ ਨੂੰ ਪੰਜਾਬ ਦੇ ਰਾਜਪਾਲ ਦੀ ਅਨੁਮਤੀ 12 ਅਪ੍ਰੈਲ, 1961 ਨੂੰ ਪ੍ਰਾਪਤ ਹੋਈ, ਅਤੇ ਪੰਜਾਬ ਸਰਕਾਰ ਦੇ ਗਜ਼ਟ (ਅਸਾਧਾਰਨ) ਵਿਧਾਨਕ ਅਨੁਪੂਰਕ, ਭਾਗ I ਵਿਚ 18 ਅਪ੍ਰੈਲ, 1961 ਨੂੰ ਪਹਿਲੀ ਵਾਰ ਪ੍ਰਕਾਸ਼ਤ ਹੋਇਆ ।

ਇਸ ਐਕਟ ਦਾ ਪੰਜਾਬੀ ਰੂਪ ਪੰਜਾਬ ਸਰਕਾਰ ਦੇ ਗਜ਼ਟ ਵਿਧਾਨਕ ਅਨੁਪੂਰਕ ਭਾਗ I ਵਿੱਚ 29 ਮਈ, 1987 ਨੂੰ ਪ੍ਰਕਾਸ਼ਤ ਹੋਇਆ ।

26692 LR—Govt. Press, U. T., Chd.

Scanned with CamScanner